# ਸਾਰ ਦਸਤਾਵੇਜ਼:
# TGD2S ਸੁਰੱਖਿਆ ਅਤੇ ਸਮਾਵੇਸ਼ ਕਾਰਵਾਈ ਯੋਜਨਾ

*ਗਰਮੀਆਂ 2025*

## ਸੰਖੇਪ ਜਾਣਕਾਰੀ

ਵੈਨਕੂਵਰ ਸਿਟੀ ਆਪਣੀ ਟ੍ਰਾਂਸਜੈਂਡਰ, ਲਿੰਗ ਵਿਵਿਧ ਅਤੇ ਟੂ-ਸਪੀਰਿਟ (TGD2S) ਯੋਜਨਾ ਦਾ ਨਵੀਨੀਕਰਨ ਕਰ ਰਿਹਾ ਹੈ ਜਿਸ ਵਿੱਚ TGD2S ਭਾਈਚਾਰਿਆਂ ਨੂੰ ਸੁਰੱਖਿਅਤ ਅਤੇ ਸ਼ਾਮਲ ਮਹਿਸੂਸ ਕਰਵਾਉਣ 'ਤੇ ਵਧੇਰੇ ਧਿਆਨ ਦਿੱਤਾ ਗਿਆ ਹੈ। ਸਿਟੀ TGD2S ਵਿਅਕਤੀਆਂ ਅਤੇ ਸਹਿਯੋਗੀਆਂ ਨਾਲ ਜੁੜ ਰਿਹਾ ਹੈ ਤਾਂ ਜੋ ਇੱਕ ਪ੍ਰਭਾਵਸ਼ਾਲੀ ਅਤੇ ਅਰਥਪੂਰਨ ਯੋਜਨਾ ਬਣਾਈ ਜਾ ਸਕੇ।

## ਇਹ ਕੰਮ ਮਾਇਨੇ ਕਿਉਂ ਰੱਖਦਾ ਹੈ

TGD2S ਲੋਕਾਂ ਨੂੰ ਜੀਵਨ ਦੇ ਕਈ ਖੇਤਰਾਂ ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸਦਾ ਉਹਨਾਂ ਦੀ ਸੁਰੱਖਿਆ ਅਤੇ ਤੰਦਰੁਸਤੀ 'ਤੇ ਅਸਰ ਪੈਂਦਾ ਹੈ:

- 2016 ਅਤੇ 2023 ਦੇ ਵਿਚਕਾਰ 2SLGBTQI ਭਾਈਚਾਰੇ ਵਿਰੁੱਧ ਨਫ਼ਰਤ ਅਧਾਰਤ ਅਪਰਾਧਾਂ ਵਿੱਚ 388% ਦਾ ਵਾਧਾ ਹੋਇਆ ਹੈ। *(ਸਰੋਤ: 2SLGBTQI ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਨਫ਼ਰਤ ਅਧਾਰਤ ਅਪਰਾਧ ਹਰ ਸਾਲ ਵੱਧ ਰਹੇ ਹਨ: Egale Canada ਸਰਕਾਰ ਦੇ ਸਾਰੇ ਪੱਧਰਾਂ ਤੋਂ ਕਾਰਵਾਈ ਕਰਨ ਦੀ ਮੰਗ ਕਰਦਾ ਹੈ - Egale Canada)*
- ਟ੍ਰਾਂਸਜੈਂਡਰ ਲੋਕਾਂ ਲਈ ਬੇਰੁਜ਼ਗਾਰੀ ਦਰ ਆਮ ਆਬਾਦੀ ਨਾਲੋਂ ਦੁਗਣੀ ਹੈ, ਅਤੇ 5 ਵਿੱਚੋਂ 1 ਨੂੰ ਉਸਦੇ ਲਿੰਗ ਕਾਰਨ ਘਰ ਜਾਂ ਅਪਾਰਟਮੈਂਟ ਦੇਣ ਤੋਂ ਇਨਕਾਰ ਕੀਤਾ ਗਿਆ ਹੈ। *(ਸਰੋਤ: 2014_prc-LGBQT-poverty-factsheet.indd)*
- 29% ਟ੍ਰਾਂਸਜੈਂਡਰ ਲੋਕ ਆਸਰਾ ਸਥਾਨਾਂ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕਰਨ ਵੇਲੇ ਵਾਪਸ ਭੇਜੇ ਜਾਣ ਬਾਰੇ ਦੱਸਦੇ ਹਨ। (ਸਰੋਤ: 2014_prc-LGBQT-poverty-factsheet.indd)
- ਕੈਨੇਡਾ ਵਿੱਚ 54% ਟ੍ਰਾਂਸਜੈਂਡਰ ਅਤੇ ਗੈਰ-ਬਾਈਨਰੀ ਲੋਕ ਪੁਲਿਸ ਦੁਆਰਾ ਪਰੇਸ਼ਾਨ ਕੀਤੇ ਜਾਣ ਬਾਰੇ ਚਿੰਤਤ ਹਨ, ਅਤੇ ਇਹ ਗਿਣਤੀ BIPOC ਵਿਅਕਤੀਆਂ ਲਈ ਬਹੁਤ ਜ਼ਿਆਦਾ ਹੈ। *(ਸਰੋਤ: QuickStat #4 – ਟ੍ਰਾਂਸ ਅਤੇ ਗੈਰ-ਬਾਇਨਰੀ ਭਾਗੀਦਾਰਾਂ ਵਿੱਚ ਪੁਲਿਸ ਦੁਆਰਾ ਅਨੁਮਾਨ ਲਗਾਇਆ ਗਿਆ ਵਿਤਕਰਾ - Trans PULSE Canada)*

## ਪਿਛੋਕੜ

ਵੈਨਕੂਵਰ ਸਿਟੀ ਨੇ, 2016 ਵਿੱਚ ਭਾਈਚਾਰੇ ਨਾਲ ਕੰਮ ਕਰਦੇ ਹੋਏ, TGD2S ਲੋਕਾਂ ਦਾ ਸਮਰਥਨ ਕਰਨ ਲਈ ਆਪਣੀ ਪਹਿਲੀ ਯੋਜਨਾ ਤਿਆਰ ਕੀਤੀ। ਉਦੋਂ ਤੋਂ, ਸਿਟੀ ਨੇ ਉਸ ਯੋਜਨਾ ਵਿੱਚ 'ਸ਼ੁਰੂਆਤੀ ਕਾਰਵਾਈਆਂ' ਪੂਰੀਆਂ ਕਰ ਲਈਆਂ ਹਨ ਜਿਨ੍ਹਾਂ ਵਿੱਚ ਸ਼ਾਮਲ ਹਨ:

- ਨਵੇਂ ਜਾਂ ਮੁਰੰਮਤ ਕੀਤੇ ਵੈਨਕੂਵਰ ਕਾਰੋਬਾਰਾਂ ਵਿੱਚ ਲਿੰਗ-ਨਿਰਪੱਖ ਵਾਸ਼ਰੂਮਾਂ ਦੀ ਲੋੜ ਲਈ ਸਿਟੀ ਆਫ ਵੈਨਕੂਵਰ ਬਿਲਡਿੰਗ ਉਪ-ਨਿਯਮਾਂ ਨੂੰ ਅੱਪਡੇਟ ਕਰਨਾ।
- ਆਓਕੀ ਰੌਸ ਹਾਊਸ (Aoki Ross House) ਖੋਲ੍ਹਣਾ - ਜੋ ਕਿ DTES ਵਿੱਚ ਇੱਕ ਸਹਾਇਕ ਰਿਹਾਇਸ਼ੀ ਪ੍ਰੋਜੈਕਟ ਹੈ ਅਤੇ TGD2S ਲੋਕਾਂ ਲਈ ਸਮਾਵੇਸ਼ੀ, ਸੁਰੱਖਿਅਤ, ਸੱਭਿਆਚਾਰਕ ਤੌਰ 'ਤੇ ਢੁਕਵੀਂ ਰਿਹਾਇਸ਼ ਪ੍ਰਦਾਨ ਕਰਦਾ ਹੈ।
- ਸਿਟੀ ਦੁਆਰਾ ਚਲਾਈਆਂ ਜਾਂਦੀਆਂ ਇਮਾਰਤਾਂ ਵਿੱਚ "ਲਿੰਗ ਵਿਵਿਧ ਲੋਕਾਂ ਦਾ ਸੁਆਗਤ ਹੈ" ਵਾਸ਼ਰੂਮ ਸੰਕੇਤ ਲਗਾਉਣੇ।
- ਸਾਰੀਆਂ ਨਵੀਆਂ ਬਣੀਆਂ ਜਾਂ ਮੁਰੰਮਤ ਕੀਤੀਆਂ ਸਿਟੀ ਦੀਆਂ ਮਾਲਕੀ ਵਾਲੀਆਂ ਇਮਾਰਤਾਂ ਦੀ ਯੋਜਨਾਬੰਦੀ ਵਿੱਚ ਨਵੇਂ TGD2S ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨਾ।
- TGD2S ਸਮਾਵੇਸ਼ ਨੂੰ ਦਰਸਾਉਣ ਲਈ ਸਿਟੀ ਦੀਆਂ ਗ੍ਰਾਂਟਾਂ ਦੀਆਂ ਤਰਜੀਹਾਂ ਨੂੰ ਅੱਪਡੇਟ ਕਰਨਾ।
- ਵੈਨਕੂਵਰ ਸਿਟੀ ਦੇ 2,500 ਤੋਂ ਵੱਧ ਸਟਾਫ਼ ਨੂੰ TGD2S ਜਾਗਰੂਕਤਾ ਸਿਖਲਾਈ ਪ੍ਰਦਾਨ ਕਰਨਾ।

ਦਸੰਬਰ 2024 ਦੇ ਮੇਅਰ ਅਤੇ ਕੌਂਸਲ ਨੂੰ ਮੈਮੋ - TGD2S ਸੁਰੱਖਿਆ ਅਤੇ ਸਮਾਵੇਸ਼ ਕਾਰਵਾਈ ਯੋਜਨਾ ਦੇ ਨਵੀਨੀਕਰਨ 'ਤੇ ਅੱਪਡੇਟ (RTS 16122) ਵਿੱਚ ਇੱਕ ਪੂਰੀ ਪ੍ਰਗਤੀ ਰਿਪੋਰਟ ਪੜ੍ਹੋ

## ਨਵਿਆਈ ਗਈ TGDTS ਸੁਰੱਖਿਆ ਅਤੇ ਸਮਾਵੇਸ਼ ਕਾਰਵਾਈ ਯੋਜਨਾ ਬਣਾਉਣੀ

ਨਵੰਬਰ 2023 ਵਿੱਚ, ਵੈਨਕੂਵਰ ਸਿਟੀ ਕੌਂਸਲ ਨੇ TGD2S ਯੋਜਨਾ ਨੂੰ ਨਵਿਆਉਣ ਲਈ ਸਰਬਸੰਮਤੀ ਨਾਲ ਵੋਟ ਦਿੱਤੀ, ਜਿਸ ਵਿੱਚ ਇਹ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ ਗਿਆ ਕਿ TGD2S ਲੋਕ ਸੁਰੱਖਿਅਤ ਅਤੇ ਸ਼ਾਮਲ ਮਹਿਸੂਸ ਕਰਨ।

2024 ਵਿੱਚ ਨਵੀਨੀਕਰਨ ਪ੍ਰਕਿਰਿਆ ਦੇ ਹਿੱਸੇ ਵਜੋਂ, ਅਸੀਂ 2016 ਦੀ ਮੂਲ ਯੋਜਨਾ ਦੀ ਸਮੀਖਿਆ ਕੀਤੀ। ਇਸ ਸਮੀਖਿਆ ਦੇ ਨਾਲ, ਅਸੀਂ ਸੁਰੱਖਿਆ ਅਤੇ ਸਮਾਵੇਸ਼ ਦੇ ਬਾਰੇ ਮੌਜੂਦਾ ਤਜ਼ਰਬਿਆਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ TGD2S ਭਾਈਚਾਰੇ ਦੇ ਮੈਂਬਰਾਂ ਅਤੇ ਉਹਨਾਂ ਦਾ ਸਮਰਥਨ ਕਰਨ ਵਾਲੇ ਸੰਗਠਨਾਂ ਨਾਲ ਕੁਝ ਸ਼ੁਰੂਆਤੀ ਸ਼ਮੂਲੀਅਤ ਕੀਤੀ।

ਇਸ ਸਮੀਖਿਆ ਅਤੇ ਭਾਈਚਾਰੇ ਦੇ ਵਿਚਾਰਾਂ ਤੋਂ ਜਾਣਕਾਰੀ ਲੈ ਕੇ, ਅਸੀਂ ਟੀਚਾ ਖੇਤਰਾਂ ਦਾ ਇੱਕ ਸਮੂਹ ਵਿਕਸਤ ਕੀਤਾ ਜਿੱਥੇ ਸਿਟੀ TGD2S ਲੋਕਾਂ ਲਈ ਸੁਰੱਖਿਆ ਅਤੇ ਸਮਾਵੇਸ਼ ਨੂੰ ਬਿਹਤਰ ਬਣਾਉਣ ਲਈ ਆਪਣੇ ਯਤਨਾਂ ਨੂੰ ਕੇਂਦ੍ਰਿਤ ਕਰ ਸਕਦਾ ਹੈ। ਅਰਥਪੂਰਨ ਤਰੱਕੀ ਪ੍ਰਾਪਤ ਕਰਨ ਵਿੱਚ ਸਿਟੀ ਦੀ ਮਦਦ ਕਰਨ ਲਈ ਹਰੇਕ ਟੀਚਾ ਖੇਤਰ ਨੂੰ ਪ੍ਰਸਤਾਵਿਤ ਪਹਿਲਕਦਮੀਆਂ ਦੀ ਇੱਕ ਲੜੀ ਦੁਆਰਾ ਸਮਰਥਨ ਦਿੱਤਾ ਜਾਂਦਾ ਹੈ।

1. **ਭਾਈਚਾਰਕ ਸਥਾਨ ਅਤੇ ਸੁਰੱਖਿਆ:** ਸੜਕਾਂ, ਪਾਰਕਾਂ, ਅਤੇ ਪਲਾਜ਼ਾ ਵਰਗੇ ਅਜਿਹੇ ਜਨਤਕ ਸਥਾਨ ਬਣਾਉਣੇ ਅਤੇ ਉਹਨਾਂ ਵਿੱਚ ਸੁਧਾਰ ਕਰਨਾ ਜੋ TGD2S ਵਿਅਕਤੀਆਂ ਲਈ ਸਮਾਵੇਸ਼ੀ, ਪਹੁੰਚਯੋਗ ਅਤੇ ਸੁਆਗਤਯੋਗ ਹੋਣ, ਇਹ ਯਕੀਨੀ ਬਣਾਉਂਦੇ ਹੋਏ ਕਿ ਉਹ ਭਾਈਚਾਰਕ ਜੀਵਨ ਵਿੱਚ ਪੂਰੀ ਤਰ੍ਹਾਂ ਅਤੇ ਸੁਰੱਖਿਅਤ ਢੰਗ ਨਾਲ ਹਿੱਸਾ ਲੈ ਸਕਣ।

ਕਿਵੇਂ? ਉਦਾਹਰਨ ਲਈ:

- ਜਨਤਕ ਸਹੂਲਤਾਂ ਵਿੱਚ ਪਹੁੰਚਯੋਗ ਸਾਰੇ-ਲਿੰਗ ਵਾਲੇ ਵਾਸ਼ਰੂਮ ਅਤੇ ਜਨਤਕ ਥਾਵਾਂ 'ਤੇ ਲਿੰਗ-ਨਿਰਪੱਖ, ਬਹੁ-ਭਾਸ਼ਾਈ ਸੰਕੇਤ।
- ਸਿਟੀ ਦੇ ਫਰੰਟਲਾਈਨ ਸਟਾਫ਼ ਲਈ TGD2S ਵਿਅਕਤੀਆਂ ਲਈ ਸਮਾਵੇਸ਼ੀ ਅਭਿਆਸਾਂ ਬਾਰੇ ਸਿਖਲਾਈ।

2. **ਪ੍ਰੋਗਰਾਮ ਅਤੇ ਸੇਵਾਵਾਂ:** ਅਜਿਹੇ ਪ੍ਰੋਗਰਾਮਾਂ ਅਤੇ ਸੇਵਾਵਾਂ ਦਾ ਵਿਕਾਸ, ਵਿਸਤਾਰ ਅਤੇ ਸਮਰਥਨ ਕਰਨਾ ਜੋ TGD2S ਵਿਅਕਤੀਆਂ ਦੀਆਂ ਵਿਵਿਧ ਲੋੜਾਂ ਨੂੰ ਪੂਰਾ ਕਰਨ, ਅਤੇ ਤੰਦਰੁਸਤੀ, ਸਸ਼ਕਤੀਕਰਨ ਅਤੇ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ।

   ਕਿਵੇਂ? ਉਦਾਹਰਨ ਲਈ:

   - ਰੰਗਦਾਰ ਟੂ-ਸਪੀਰਿਟ, ਟ੍ਰਾਂਸਜੈਂਡਰ ਅਤੇ ਲਿੰਗ ਵਿਵਿਧ ਲੋਕਾਂ ਲਈ ਸੱਭਿਆਚਾਰਕ ਤੌਰ 'ਤੇ ਖਾਸ ਪ੍ਰੋਗਰਾਮ ਅਤੇ ਸਰੋਤ ਅਤੇ ਨਾਲ ਹੀ ਅਜਿਹੇ ਪ੍ਰੋਗਰਾਮ ਜੋ TGD2S ਨੌਜਵਾਨਾਂ ਅਤੇ ਬਜ਼ੁਰਗਾਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋਣ।
   - TGD2S ਕਲਾਕਾਰਾਂ, ਕਲਾ ਸਥਾਨਾਂ ਅਤੇ ਸੱਭਿਆਚਾਰਕ ਨਿਰਮਾਣ ਲਈ ਸਹਾਇਤਾ।

3. **ਵੈਨਕੂਵਰ ਸਿਟੀ ਵਿਖੇ ਕੰਮ ਕਰਨਾ - ਮਨੁੱਖੀ ਸਰੋਤ ਅਤੇ ਸਟਾਫ਼ ਦੇ ਅਨੁਭਵ:** ਵੈਨਕੂਵਰ ਸਿਟੀ ਵਿੱਚ ਕੰਮ ਕਰਨ ਵਾਲੇ TGD2S ਲੋਕਾਂ ਲਈ ਸਮਾਵੇਸ਼ੀ ਅਤੇ ਸਹਾਇਕ ਕੰਮ ਕਰਨ ਦੇ ਮਾਹੌਲ ਨੂੰ ਉਤਸ਼ਾਹਿਤ ਕਰਨਾ, ਜਿਸ ਨਾਲ ਬਰਾਬਰ ਮੌਕਿਆਂ ਅਤੇ ਸਤਿਕਾਰ ਅਤੇ ਸੰਬੰਧ ਦੇ ਸੱਭਿਆਚਾਰ ਨੂੰ ਯਕੀਨੀ ਬਣਾਇਆ ਜਾ ਸਕੇ।

   ਕਿਵੇਂ? ਉਦਾਹਰਨ ਲਈ:

   - TGD2S ਮੁੱਦਿਆਂ 'ਤੇ ਧਿਆਨ ਕੇਂਦ੍ਰਿਤ ਕਰਦੇ ਹੋਏ ਵਿਭਿੰਨਤਾ ਅਤੇ ਸ਼ਾਮਿਲ ਕਰਨ ਸੰਬੰਧੀ ਸਿਟੀ ਦੇ ਸਟਾਫ਼ ਮੈਂਬਰਾਂ ਲਈ ਸਿਖਲਾਈ।
   - ਵਿਤਕਰਾ ਵਿਰੋਧੀ ਕਾਰਜ ਸਥਾਨ ਨੀਤੀਆਂ ਅਤੇ ਰਿਪੋਰਟ ਕਰਨ ਦੀ ਸਪੱਸ਼ਟ ਪ੍ਰਕਿਰਿਆ।

4. **ਰਿਹਾਇਸ਼ ਅਤੇ ਬੇਘਰੀ ਸੇਵਾਵਾਂ:** TGD2S ਭਾਈਚਾਰੇ ਲਈ ਰਿਹਾਇਸ਼ ਵਿੱਚ ਸੁਧਾਰ ਕਰਨਾ ਅਤੇ ਅਜਿਹੇ ਰਿਹਾਇਸ਼ੀ ਹੱਲ ਬਣਾਉਣੇ ਜੋ ਸਮਾਵੇਸ਼ੀ, ਪਹੁੰਚਯੋਗ, ਅਤੇ ਭਾਈਚਾਰਕ ਲੋੜਾਂ ਅਤੇ ਤਰਜੀਹਾਂ ਨੂੰ ਦਰਸਾਉਂਦੇ ਹੋਣ।

   ਕਿਵੇਂ? ਉਦਾਹਰਨ ਲਈ:

   - ਵੈਨਕੂਵਰ ਸਿਟੀ ਦੁਆਰਾ ਸਮਰਥਤ ਰਿਹਾਇਸ਼ ਅਤੇ ਆਸਰਾ ਪ੍ਰਦਾਤਾਵਾਂ ਲਈ ਵਿਤਕਰੇ ਵਿਰੋਧੀ ਨੀਤੀਆਂ ਅਤੇ TGD2S-ਸਮਾਵੇਸ਼ੀ ਸਿਖਲਾਈ।
   - TGD2S ਵਿਸ਼ਿਸ਼ਟ ਆਸਰਾ ਸਥਾਨਾਂ ਲਈ ਸਮਰਥਨ।

5. **ਸ਼ਮੂਲੀਅਤ ਅਤੇ ਦਿਖਾਈ ਦੇਣਾ:** ਸਿਟੀ ਦੇ ਸਲਾਹ-ਮਸ਼ਵਰੇ ਵਿੱਚ TGD2S ਲੋਕਾਂ ਨੂੰ ਬਿਹਤਰ ਢੰਗ ਨਾਲ ਸ਼ਾਮਲ ਕਰਨਾ ਅਤੇ ਵੈਨਕੂਵਰ ਸਿਟੀ ਦੇ ਪੱਤਰ-ਵਿਹਾਰਾਂ (ਜਿਵੇਂ ਕਿ ਸੋਸ਼ਲ ਮੀਡੀਆ) 'ਤੇ TGD2S ਭਾਈਚਾਰਿਆਂ ਦੀ ਦਿੱਖ ਅਤੇ ਮੁੱਦਿਆਂ ਨੂੰ ਵਧਾਉਣਾ। ਇਸ ਨਾਲ TGD2S ਭਾਈਚਾਰੇ ਲਈ ਵਧੇਰੇ ਸਮਾਵੇਸ਼ੀ ਅਤੇ ਸਹਾਇਕ ਵਾਤਾਵਰਣ ਬਣਾਉਣ ਵਿੱਚ ਮਦਦ ਮਿਲੇਗੀ।

ਕਿਵੇਂ? ਉਦਾਹਰਨ ਲਈ:

- ਸਿਟੀ ਦੇ ਸਲਾਹ-ਮਸ਼ਵਰੇ ਵਿੱਚ TGD2S ਲੋਕਾਂ ਦੀ ਭਾਗੀਦਾਰੀ ਵਿੱਚ ਸੁਧਾਰ ਕਰਨਾ, ਜਿਵੇਂ ਕਿ ਸਿਟੀ ਆਫ਼ ਵੈਨਕੂਵਰ ਸਰਵੇਖਣ ਅਤੇ ਫੀਡਬੈਕ ਸੈਸ਼ਨ।
- ਵੈਨਕੂਵਰ ਵਿੱਚ TGD2S ਲੋਕਾਂ ਲਈ ਵੱਧਦੀ ਦਿੱਖ ਦਾ ਸਮਰਥਨ ਕਰਨ ਲਈ ਸਿਟੀ ਦੁਆਰਾ ਚਲਾਏ ਜਾਂਦੇ ਸੋਸ਼ਲ ਮੀਡੀਆ ਖਾਤਿਆਂ ਅਤੇ ਵੈਬਪੇਜਾਂ ਵਰਗੇ ਵੈਨਕੂਵਰ ਸਿਟੀ ਦੇ ਸੰਚਾਰ ਵਿੱਚ TGD2S ਪ੍ਰਤਿਨਿਧਤਾ ਵਿੱਚ ਵਾਧਾ।

ਟੀਚਾ ਖੇਤਰਾਂ ਅਤੇ ਸੰਭਾਵੀ ਪਹਿਲਕਦਮੀਆਂ ਦੀ ਪੂਰੀ ਸੂਚੀ ਦੇਖਣ ਲਈ, ShapeYourCity/TGD2S 'ਤੇ ਜਾਓ।

## ਸ਼ਾਮਲ ਹੋਵੋ - ਸ਼ਮੂਲੀਅਤ 2025

ਜਦੋਂ ਅਸੀਂ TGD2S ਸੁਰੱਖਿਆ ਅਤੇ ਸਮਾਵੇਸ਼ ਕਾਰਵਾਈ ਯੋਜਨਾ ਨੂੰ ਨਵਿਆਉਣ ਲਈ ਅਗਲੇ ਕਦਮ ਚੁੱਕਦੇ ਹਾਂ, ਅਸੀਂ ਜਾਣਨਾ ਚਾਹਵਾਂਗੇ ਕਿ ਤੁਸੀਂ ਸਾਡੇ ਪ੍ਰਸਤਾਵਿਤ ਟੀਚਾ ਖੇਤਰਾਂ ਅਤੇ ਪਹਿਲਕਦਮੀਆਂ ਬਾਰੇ ਕੀ ਸੋਚਦੇ ਹੋ। ਅਸੀਂ ਇਸ ਬਾਰੇ ਵੀ ਤੁਹਾਡੇ ਵਿਚਾਰ ਜਾਣਨਾ ਚਾਹੁੰਦੇ ਹਾਂ ਕਿ ਅਸੀਂ ਵੈਨਕੂਵਰ ਨੂੰ ਟ੍ਰਾਂਸਜੈਂਡਰ, ਲਿੰਗ ਵਿਵਿਧ ਅਤੇ ਟੂ-ਸਪੀਰਿਟ ਲੋਕਾਂ ਲਈ ਵਧੇਰੇ ਸੁਰੱਖਿਅਤ ਅਤੇ ਵਧੇਰੇ ਸਮਾਵੇਸ਼ੀ ਕਿਵੇਂ ਬਣਾ ਸਕਦੇ ਹਾਂ।

ਤੁਹਾਡੀ ਫੀਡਬੈਕ ਅੰਤਿਮ TGD2S ਸੁਰੱਖਿਆ ਅਤੇ ਸਮਾਵੇਸ਼ ਕਾਰਵਾਈ ਯੋਜਨਾ ਤਿਆਰ ਕਰਨ ਵਿੱਚ ਸਾਡੀ ਮਦਦ ਕਰੇਗੀ ਜੋ ਕਿ 2025 ਦੀਆਂ ਸਰਦੀਆਂ ਵਿੱਚ ਪ੍ਰਵਾਨਗੀ ਲਈ ਵੈਨਕੂਵਰ ਸਿਟੀ ਕੌਂਸਲ ਨੂੰ ਪੇਸ਼ ਕੀਤੀ ਜਾਵੇਗੀ।

ਅਸੀਂ TGD2S ਭਾਈਚਾਰੇ ਦੇ ਹਰ ਕੋਨੇ ਤੋਂ ਸੁਣਨਾ ਚਾਹੁੰਦੇ ਹਾਂ – ਜਿਨ੍ਹਾਂ ਵਿੱਚ ਨੌਜਵਾਨ, ਮਾਪੇ ਅਤੇ ਦੇਖਭਾਲ ਕਰਨ ਵਾਲੇ, ਚੁਣਿਆ ਗਿਆ ਪਰਿਵਾਰ, TGD2S ਨੂੰ ਸੇਵਾ ਦੇਣ ਵਾਲੇ ਸੰਗਠਨ ਅਤੇ ਸੈਕਸ ਵਰਕਰ ਸ਼ਾਮਲ ਹਨ।

**ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡਾ ਛੋਟਾ ਸਰਵੇਖਣ ਪੂਰਾ ਕਰੋ! ਸਰਵੇਖਣ ਲਗਭਗ 10 ਮਿੰਟ ਲੰਬਾ ਹੈ ਅਤੇ 10 ਅਗਸਤ, 2025 ਤੱਕ ਖੁੱਲ੍ਹਾ ਹੈ।**

ਕਿਰਪਾ ਕਰਕੇ ਧਿਆਨ ਦਿਓ ਕਿ ਸਿਹਤ ਸੰਭਾਲ, ਆਵਾਜਾਈ, ਸਿੱਖਿਆ, ਰਿਹਾਇਸ਼ ਕਾਨੂੰਨ ਅਤੇ ਪੁਲਿਸਿੰਗ ਨੂੰ ਸੀਨੀਅਰ ਸਰਕਾਰਾਂ ਦੁਆਰਾ ਸੰਭਾਲਿਆ ਜਾਂਦਾ ਹੈ —ਵੈਨਕੂਵਰ ਸਿਟੀ ਦੁਆਰਾ ਨਹੀਂ। ਹਾਲਾਂਕਿ, ਵੈਨਕੂਵਰ ਸਿਟੀ ਇਹਨਾਂ ਖੇਤਰਾਂ ਵਿੱਚ ਕਾਰਵਾਈਆਂ ਲਈ ਭਾਈਚਾਰਕ ਵਕਾਲਤ ਦਾ ਸਮਰਥਨ ਕਰ ਸਕਦਾ ਹੈ।

ਜੇਕਰ ਤੁਸੀਂ ਸਰਵੇਖਣ ਨੂੰ ਪੂਰਾ ਕਰਨ ਲਈ ਵਾਧੂ ਸਹਾਇਤਾ ਲੈਣੀ ਚਾਹੋ, ਤਾਂ ਕਿਰਪਾ ਕਰਕੇ TGD2S@Vancouver.ca 'ਤੇ ਈਮੇਲ ਕਰੋ।